ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਹਾਡੀ ਦਿਲ ਵਿੱਚ ਖੁਸ਼ੀ ਦੇ ਨਗਾੜੇ ਵੱਜਣੇ ਚਾਹੀਦੇ ਹਨ ਕਿਉਂਕਿ ਬੇਹੱਦ ਦਾ ਬਾਪ ਤੁਹਾਨੂੰ ਬੇਹੱਦ ਦਾ ਵਰਸਾ ਦੇਣ ਆਇਆ ਹੈ"

ਪ੍ਰਸ਼ਨ:- ਮਾਇਆ ਨੇ ਮਨੁੱਖਾਂ ਨੂੰ ਕਿਸ ਭ੍ਰਮ ਵਿੱਚ ਭਰਮਾ ਦਿੱਤਾ ਹੈ ਜਿਸ ਕਾਰਣ ਉਹ ਸਰਵਗ ਵਿੱਚ ਚੱਲਣ ਦਾ ਪੁਰਸ਼ਾਰਥ ਨਹੀਂ ਕਰ ਸਕਦੇ?

ਉੱਤਰ:- ਮਾਇਆ ਦਾ ਇਹ ਜੋ ਪਿਛਾੜੀ ਦਾ ਪੰਪ ਹੈ, 100 ਵਰ੍ਹੇ ਦੇ ਅੰਦਰ ਐਰੋਪਲੇਨ, ਬਿਜਲੀ ਆਦਿ ਕੀ - ਕੀ ਨਿਕਲ ਗਿਆ ਹੈ... ਇਸ ਪੰਪ ਨੂੰ ਦੇਖਦੇ ਹੋਏ ਮਨੁੱਖ ਸਮਝਦੇ ਹਨ ਸਵਰਗ ਤਾਂ ਇੱਥੇ ਹੀ ਹੈ, ਧਨ ਹੈ, ਮਹਿਲ ਹਨ, ਗੱਡੀਆਂ ਹਨ... ਬਸ, ਸਾਡੇ ਲਈ ਇੱਥੇ ਹੀ ਸਵਰਗ ਹੈ। ਇਹ ਮਾਇਆ ਦਾ ਸੁਖ ਹੈ ਜੋ ਭਰਮਾ ਦਿੰਦਾ ਹੈ। ਇਸਦੇ ਕਾਰਣ ਹੀ ਉਹ ਸਵਰਗ ਵਿੱਚ ਚੱਲਣ ਦਾ ਪੁਰਸ਼ਾਰਥ ਨਹੀਂ ਕਰਦੇ ਹਨ।

ਗੀਤ:- ਮਾਤਾ ਓ ਮਾਤਾ...

ਓਮ ਸ਼ਾਂਤੀ। ਹੁਣ ਇਹ ਤਾਂ ਬੱਚਿਆਂ ਨੂੰ ਸਮਝਾਇਆ ਗਿਆ ਹੈ ਕਿ ਜੋ ਹੋਕੇ ਜਾਂਦੇ ਹਨ ਉਹਨਾਂ ਦੀ ਮਹਿਮਾ ਗਾਈ ਜਾਂਦੀ ਹੈ। ਭਾਰਤਵਾਸੀ ਤਾਂ ਜਾਣਦੇ ਨਹੀਂ। ਵਿਦਵਾਨ ਪੰਡਿਤ ਵੀ ਨਹੀਂ ਜਾਣਦੇ। ਜਗਤ ਅੰਬਾ ਮਤਲਬ ਜਗਤ ਦੇ ਮਨੁੱਖਾਂ ਨੂੰ ਰਚਨ ਵਾਲੀ। ਤੁਸੀਂ ਜਾਣਦੇ ਹੋ ਜਿਸਨੂੰ ਜਗਤ ਅੰਬਾ ਕਹਿੰਦੇ ਹਨ ਉਹ ਹੁਣ ਬੱਚਿਆਂ ਦੇ ਸਮੁੱਖ ਬੈਠੀ ਹੈ। ਭਗਤੀਮਾਰਗ ਵਿੱਚ ਤਾਂ ਇਵੇਂ ਹੀ ਗਾਉਂਦੇ ਆਏ ਹਨ। ਤੁਹਾਨੂੰ ਬੱਚਿਆਂ ਨੂੰ ਹੁਣ ਗਿਆਨ ਮਿਲਿਆ ਹੈ ਮਤਲਬ ਜਗਤ ਅੰਬਾ ਦਾ ਪਰਿਚੇ ਮਿਲਿਆ ਹੈ। ਜਗਤ ਅੰਬਾ ਦੇ ਨਾਮ ਨਾਲ ਵੀ ਵੱਖ - ਵੱਖ ਅਨੇਕ ਚਿੱਤਰ ਬਣਾਏ ਹਨ। ਅਸਲ ਵਿੱਚ ਹੈ ਤਾਂ ਇੱਕ ਹੀ ਜਗਤ ਅੰਬਾ, ਉਸਨੂੰ ਹੀ ਕਾਲੀ ਕਹੋ, ਸਰਸਵਤੀ ਕਹੋ, ਦੁਰਗਾ ਕਹੋ, ਢੇਰ ਨਾਮ ਰੱਖਣ ਨਾਲ ਮਨੁੱਖ ਮੂੰਝ ਗਏ ਹਨ। ਕਾਲੀ ਕਲਕਤੇ ਵਾਲੀ ਵੀ ਕਹਿੰਦੇ ਹਨ। ਪਰ ਇਵੇਂ ਦੇ ਚਿੱਤਰ ਤਾਂ ਹੁੰਦੇ ਨਹੀਂ। ਬਾਪ ਕਹਿੰਦੇ ਹਨ ਇਹ ਸਭ ਭਗਤੀ ਮਾਰਗ ਦੀ ਸਮਗ੍ਰੀ ਹੈ। ਜਦੋਂ ਤੋਂ ਭਗਤੀ ਮਾਰਗ ਸ਼ੁਰੂ ਹੁੰਦਾ ਹੈ ਉਦੋਂ ਤੋਂ ਰਾਵਣ ਰਾਜ ਵੀ ਸ਼ੁਰੂ ਹੁੰਦਾ ਹੈ। ਇਹ ਤਾਂ ਮਨੁੱਖ ਜਾਣਦੇ ਨਹੀਂ ਕਿ ਰਾਵਣ ਕੀ ਹੈ, ਰਾਮ ਕੀ ਹੈ, ਇਹ ਬੇਹੱਦ ਦੀ ਕਹਾਣੀ ਹੈ। ਤੁਸੀਂ ਬੱਚੇ ਹੁਣ ਜਾਣਦੇ ਹੋ ਰਾਵਣ ਰਾਜ ਪੂਰਾ ਹੋ ਫਿਰ ਰਾਮਰਾਜ ਸ਼ੁਰੂ ਹੁੰਦਾ ਹੈ। ਰਾਮ ਜਰੂਰ ਸੁਖ ਦੇਣ ਵਾਲਾ ਹੋਵੇਗਾ, ਰਾਵਣ ਜਰੂਰ ਦੁੱਖ ਦੇਣ ਵਾਲਾ ਹੋਵੇਗਾ। ਭਾਰਤ ਵਿੱਚ ਰਾਵਣ ਰਾਜ ਹੈ ਤਾਂ ਉਹਨਾਂ ਨੂੰ ਸ਼ੋਕਵਾਟਿਕਾ ਕਿਹਾ ਜਾਂਦਾ ਹੈ। ਬਾਪ ਨੇ ਸਮਝਾਇਆ ਹੈ ਤੁਸੀਂ ਸਬ ਇਸ ਸਮੇਂ ਰਾਵਣ ਰਾਜ ਵਿੱਚ ਹੋ। ਮੁਖ ਭਾਰਤ ਦੀ ਹੀ ਗੱਲ ਹੈ। ਰਾਵਣ ਰਾਜ ਵਿੱਚ ਤੁਸੀਂ ਭ੍ਰਸ਼ਟਾਚਾਰੀ ਬਣ ਗਏ ਹੋ। ਰਾਮ ਮਤਲਬ ਬੇਹੱਦ ਦਾ ਬਾਪ ਹੈ ਸੁਖ ਦੇਣ ਵਾਲਾ। ਇਸ ਸਮੇਂ ਸਭ ਮਨੁੱਖ ਹਨ ਅਸੁਰੀ ਮਤ ਤੇ। ਬਾਕੀ ਰਾਵਣ ਕੋਈ 10 ਸ਼ੀਸ਼ ਵਾਲਾ ਨਹੀਂ ਹੈ। ਇਹ ਹੈ 5 ਵਿਕਾਰਾਂ ਦੀ ਮਤ, ਜਿਸਨੂੰ ਰਾਵਣ ਮਤ ਕਿਹਾ ਜਾਂਦਾ ਹੈ। ਸ਼ਿਵਬਾਬਾ ਦੀ ਮਤ ਹੈ ਸ਼੍ਰੀਮਤ। ਹੁਣ ਆਸੁਰੀ ਸੰਪ੍ਰਦਾਈ ਹੈ ਨਾ। ਇਹ ਬੇਹੱਦ ਦੀ ਗੱਲ ਹੈ। ਸ਼੍ਰੀਮਤ ਨਾਲ 21 ਜਨਮ ਸੁਖ ਪਾਉਂਦੇ ਹੋ। ਆਸੁਰੀ ਮਤ ਨਾਲ 63 ਜਨਮ ਤੁਸੀਂ ਦੁੱਖ ਪਾਇਆ ਹੈ।

ਤੁਸੀਂ ਜਾਣਦੇ ਹੋ ਇਹ ਰਾਵਣ ਹੈ ਵੱਡੇ ਤੇ ਵੱਡਾ ਦੁਸ਼ਮਣ, ਜਿਸਨੂੰ ਸਾੜਦੇ ਰਹਿੰਦੇ ਹਨ। ਸਮਝਦੇ ਨਹੀ ਕਿ ਆਖਰੀਨ ਰਾਵਣ ਨੂੰ ਸਾੜਨਾ ਅਸੀਂ ਬੰਦ ਕਦੋ ਕਰਾਂਗੇ? ਕਹਿੰਦੇ ਹਨ -ਇਹ ਰਾਵਣ ਨੂੰ ਸਾੜਨ ਦੀ ਪ੍ਰੰਪਰਾ ਨਾਲ ਚਲਿਆ ਆਉਂਦਾ ਹੈ ਏਫਿਜੀ ਬਣਾਏ ਸਾੜਦੇ ਰਹਿੰਦੇ ਹਨ। ਬਰੋਬਰ ਇਸ ਰਾਵਣ ਨੇ ਸਭਨੂੰ ਦੁੱਖ ਦਿੱਤਾ ਹੈ, ਖਾਸ ਭਾਰਤ ਨੂੰ। ਤਾਂ ਰਾਵਣ ਵੱਡਾ ਦੁਸ਼ਮਣ ਹੋਇਆ ਨਾ। ਪਰ ਇਸ ਬੇਹੱਦ ਦੇ ਦੁਸ਼ਮਣ ਦਾ ਕਿਸੇਨੂੰ ਪਤਾ ਨਹੀਂ ਹੈ। ਬੇਹੱਦ ਦਾ ਬਾਪ ਆਕੇ ਬੇਹੱਦ ਦਾ ਸੁਖ ਦਿੰਦੇ ਹਨ। ਇਵੇਂ ਦੀ ਸਹਿਜ ਗੱਲ ਕੋਈ ਵਿਦਵਾਨ - ਪੰਡਿਤ ਆਦਿ ਨਹੀਂ ਜਾਣਦੇ। ਤੁਸੀਂ ਬੱਚੇ ਜਾਣਦੇ ਹੋ - ਸਾਨੂੰ ਬੇਹੱਦ ਦੇ ਬਾਪ ਕੋਲੋਂ ਸੁਖ ਦਾ ਵਰਸਾ ਲੈਣਾ ਹੈ। ਪਰ ਫਿਰ ਘੜੀ - ਘੜੀ ਤੁਸੀਂ ਬਾਪ ਨੂੰ ਭੁੱਲ ਜਾਂਦੇ ਹੋ। ਭਗਤੀ ਮਾਰਗ ਵਿੱਚ ਤੁਸੀਂ ਪੁਕਾਰਦੇ ਆਏ ਹੋ - ਹੇ ਬਾਬਾ, ਰਹਿਮ ਕਰੋ, ਮਰਸੀ ਆਨ ਮੀ। ਮਰਸੀ ਤਾਂ ਕਰਦਾ ਰਹਿੰਦਾ ਹਾਂ। ਜਿਸ - ਜਿਸ ਭਾਵਨਾ ਨਾਲ ਦੇਵਤਾਵਾਂ ਦੀ ਪੂਜਾ ਕਰਦੇ ਹਨ ਤਾਂ ਅਲਪਕਾਲ ਦਾ ਸੁਖ ਜਰੂਰ ਦਿੰਦਾ ਹਾਂ। ਹੋਰ ਕੋਈ ਸੁਖ ਦੇ ਨਹੀਂ ਸਕਦਾ। ਮੈਂ ਹੀ ਹਾਂ ਸੁਖ ਦਾਤਾ। ਭਗਤੀ ਮਾਰਗ ਵਿੱਚ ਵੀ ਦੇਣ ਵਾਲਾ ਮੈਂ ਹਾਂ। ਕਹਿੰਦੇ ਹਨ ਗੋਡ ਫਾਦਰ ਨੇ ਇਹ ਦਿੱਤਾ। ਭਗਵਾਨ ਦੇ ਲਈ ਕਹਿੰਦੇ ਹਨ। ਫਿਰ ਇਵੇਂ ਕਿਉਂ ਕਹਿੰਦੇ ਹੋ ਇਹ ਧਨ ਫਲਾਣੇ ਸਾਧੂ ਨੇ ਦਿੱਤਾ। ਜਦੋਂਕਿ ਸੁਖ ਦੇਣ ਵਾਲਾ ਹੈ ਹੀ ਇੱਕ ਬਾਪ। ਗਾਉਂਦੇ ਵੀ ਹਨ - ਹੇ ਭਗਵਾਨ ਸਾਡੇ ਦੁੱਖ ਦੂਰ ਕਰੋ। ਫਿਰ ਇਵੇਂ ਕਿਉਂ ਕਹਿੰਦੇ ਫਲਾਣੇ ਸਾਧੂ ਨੇ ਸਾਡਾ ਇਹ ਦੁੱਖ ਦੂਰ ਕੀਤਾ, ਬੱਚਾ ਦਿੱਤਾ। ਸਮਝਦੇ ਹਨ ਉਹਨਾਂ ਦੀ ਕ੍ਰਿਪਾ ਨਾਲ ਸੁਖ ਮਿਲਿਆ। ਧੰਧੇ ਵਿੱਚ ਫ਼ਾਇਦਾ ਹੁੰਦਾ ਹੈ ਤਾਂ ਸਮਝਦੇ ਹਨ ਗੁਰੂ ਕ੍ਰਿਪਾ ਹੋਈ। ਨੁਕਸਾਨ ਹੁੰਦਾ ਹੈ ਤਾਂ ਇਵੇਂ ਨਹੀਂ ਕਹਿੰਦੇ ਕਿ ਗੁਰੂ ਦੀ ਅਕ੍ਰਿਪਾ ਹੋਈ। ਵਿਚਾਰੇ ਭਗਤ ਲੋਕ ਸਮਝਣ ਬਿਗਰ ਜੋ ਆਇਆ ਸੋ ਕਹਿੰਦੇ ਰਹਿੰਦੇ ਹਨ। ਜੋ ਸੁਣਦੇ ਉਸ ਤੇ ਫਾਲੋ ਕਰਦੇ ਰਹਿੰਦੇ ਹਨ। ਇਹ ਵੀ ਡਰਾਮਾ।

ਹੁਣ ਬਾਪ ਆਕੇ ਤੁਹਾਨੂੰ ਆਪਣਾ ਬਣਾਉਂਦੇ ਹਨ। ਬਾਪ ਨਾਲ ਪ੍ਰੀਤ ਰੱਖਣ ਵਿੱਚ ਵੀ ਮਾਇਆ ਬਹੁਤ ਵਿਘਣ ਪਾਉਂਦੀ ਹੈ। ਇਕਦਮ ਮੂੰਹ ਫਿਰਾ ਦਿੰਦੀ ਹੈ। 21 ਜਨਮ ਦਾ ਸੁਖ ਦੇਣ ਵਾਲੇ ਬਾਪ ਨਾਲ ਫਾਰਕਤੀ ਦਿਲਾ ਦਿੰਦੀ ਹੈ। ਬਾਪ ਸਮਝਾਉਂਦੇ ਹਨ ਭਗਤੀ ਮਾਰਗ

ਅਤੇ ਗਿਆਨ ਮਾਰਗ ਵਿੱਚ ਰਾਤ - ਦਿਨ ਦਾ ਫ਼ਰਕ ਹੈ। ਭਗਤੀ ਕਰਦੇ - ਕਰਦੇ ਜਦੋਂ ਕੰਗਾਲ ਬਣ ਜਾਂਦੇ ਹਨ ਉਦੋਂ ਫਿਰ ਬਾਪ ਆਕੇ ਗਿਆਨ ਦੇ ਕੇ 21 ਜਨਮਾਂ ਦੇ ਲਈ ਤੁਹਾਨੂੰ ਮਾਲਾਮਾਲ ਕਰ ਦਿੰਦੇ ਹਨ। ਉਹ ਭਗਤੀ ਤਾਂ ਤੁਸੀਂ ਜਨਮ ਬਾਈ ਜਨਮ ਕਰਦੇ ਰਹੇ, ਅਲਪਕਾਲ ਸੁਖ ਮਿਲਦਾ ਹੈ। ਦੁੱਖ ਤਾਂ ਬਹੁਤ ਹੈ ਨਾ। ਬਾਪ ਕਹਿੰਦੇ ਹਨ - ਮੈਂ ਆਇਆ ਹਾਂ ਤੁਹਾਡਾ ਜੋ ਗਵਾਇਆ ਹੋਇਆ ਰਾਜ ਹੈ ਉਹ ਦੇਣ। ਬੇਹੱਦ ਦੀ ਗੱਲ ਹੋਈ ਨਾ। ਬਾਕੀ ਹੋਰ ਕੋਈ ਗੱਲ ਨਹੀਂ। ਇਹ ਲਕਸ਼ਮੀ - ਨਾਰਾਇਣ ਆਦਿ ਵਾਈਸਲੈਸ ਦੇਵਤੇ ਸਨ। ਉਹਨਾਂ ਦੇ ਮਹਿਲਾ ਵਿੱਚ ਕਿੰਨੇ ਹੀਰੇ - ਜਵਾਹਰਾਤ ਹੋਣਗੇ। ਤੁਸੀਂ ਅੱਗੇ ਚੱਲਕੇ ਬਹੁਤ ਕੁਝ ਦੇਖੋਗੇ। ਜਿਨਾਂ ਨਜ਼ਕੀਕ ਆਉਂਦੇ ਜਾਂਦੇ ਓਨਾ ਸਵਰਗ ਦਾ ਸੀਨ ਦੇਖਦੇ ਜਾਣਗੇ। ਕਿੰਨੀ ਵੱਡੀ - ਵੱਡੀ ਦਰਬਾਰ ਹੋਵੇਗੀ। ਖਿੜਕੀਆਂ ਤੇ ਸੋਨੇ, ਹੀਰੇ, ਜਵਾਹਰਾਤਾਂ ਦਾ ਕਿੰਨਾ ਚੰਗਾ ਸ਼ਿੰਗਾਰ ਹੋਵੇਗਾ। ਬਸ, ਇਹ ਰਾਤ ਪੂਰੀ ਹੋਕੇ ਦਿਨ ਸ਼ੁਰੂ ਹੋਵੇਗਾ। ਜੋ ਬੈਕੁੰਠ ਤੁਸੀਂ ਦਿਵਯ ਦ੍ਰਿਸ਼ਟੀ ਨਾਲ ਦੇਖਦੇ ਹੋ ਉਹ ਪ੍ਰੈਕਟੀਕਲ ਵਿੱਚ ਜਰੂਰ ਦੇਖੋਗੇ। ਜੋ ਵਿਨਾਸ਼ ਦਿਵਿਯ ਦ੍ਰਿਸ਼ਟੀ ਨਾਲ ਦੇਖਿਆ ਹੈ ਉਹ ਫਿਰ ਪ੍ਰੈਕਟੀਕਲ ਵਿੱਚ ਦੇਖੋਗੇ। ਤੁਹਾਡੇ ਅੰਦਰ ਤੇ ਖੁਸ਼ੀ ਦੇ ਨਗਾੜੇ ਵੱਜਣੇ ਚਾਹੀਦੇ ਹਨ। ਅਸੀਂ ਬੇਹੱਦ ਦੇ ਬਾਪ ਕੋਲੋਂ ਬੇਹੱਦ ਦਾ ਵਰਸਾ ਲੈ ਰਹੇ ਹਾਂ। ਇਹ ਚਿੱਤਰ ਤਾਂ ਏਕੁਰੇਟ ਨਹੀਂ ਹੈ। ਉਹ ਤੁਸੀਂ ਸਭ ਦਿਵਿਯ ਦ੍ਰਿਸ਼ਟੀ ਨਾਲ ਦੇਖਦੇ ਹੋ। ਉੱਥੇ ਜਾਕੇ ਰਾਸ ਆਦਿ ਕਰਦੇ ਹੋ। ਕਿੰਨੇ ਚਿਤਰ ਆਦਿ ਬਣਾਉਂਦੇ ਸੀ। ਜੋ ਕੁਝ ਦਿਵਿਯ ਦ੍ਰਿਸ਼ਟੀ ਨਾਲ ਬਾਪ ਨੇ ਦਿਖਾਇਆ ਹੈ ਉਹ ਫਿਰ ਪ੍ਰੈਕਟੀਕਲ ਜਰੂਰ ਹੋਵੇਗਾ। ਤੁਸੀਂ ਜਾਣਦੇ ਹੋ ਇਹ ਛੀ - ਛੀ ਦੁਨੀਆਂ ਖ਼ਤਮ ਹੋ ਜਾਵੇਗੀ। ਤੁਸੀਂ ਇੱਥੇ ਬੇਠੇ ਹੋ ਸ਼੍ਰੀਮਤ ਤੇ ਆਪਣਾ ਸਵਰਾਜ ਲੈਣ ਦੇ ਪੁਰਸ਼ਾਰਥ ਵਿੱਚ। ਕਿੱਥੇ ਉਹ ਭਗਤੀ ਮਾਰਗ, ਕਿੱਥੇ ਇਹ ਗਿਆਨ ਮਾਰਗ। ਇੱਥੇ ਭਾਰਤ ਦਾ ਹਾਲ ਦੇਖੋ ਕੀ ਹੋਇਆ ਹੈ - ਖਾਣ ਦੇ ਲਈ ਅੰਨ ਨਹੀਂ, ਵੱਡੇ - ਵੱਡੇ ਪਲੈਨ ਬਣ ਰਹੇ ਹਨ। ਟਾਇਮ ਹੈ ਬਾਕੀ ਥੋੜ੍ਹਾ। ਉਹਨਾਂ ਦਾ ਪਲੈਨ ਅਤੇ ਤੁਹਾਡਾ ਪਲੈਨ ਦੇਖੋ ਕਿਵੇਂ ਦਾ ਹੈ! ਇਹ ਗੱਲਾਂ ਕੋਈ ਸ਼ਾਸਤਰਾਂ ਵਿੱਚ ਨਹੀਂ ਹਨ। ਰਾਮਾਇਣ ਆਦਿ ਵਿੱਚ ਕਿੰਨੀਆਂ ਕਹਾਣੀਆਂ ਲਿਖ ਦਿੱਤੀਆਂ ਹਨ। ਪਰ ਇਵੇਂ ਤਾਂ ਹੈ ਨਹੀਂ। ਰਾਵਣ ਨੂੰ ਫਿਰ ਵਰ੍ਹੇ - ਵਰ੍ਹੇ ਸਾੜਦੇ ਹਨ। ਰਾਵਣ ਨੂੰ ਸਾੜਿਆ ਤਾਂ ਉਹ ਖ਼ਤਮ ਹੋ ਜਾਣਾ ਚਾਹੀਦਾ ਹੈ ਨਾ। ਭਗਤੀ ਮਾਰਗ ਦੀ ਆਮਦਨੀ ਕਿਵੇਂ ਅਤੇ ਗਿਆਨ ਮਾਰਗ ਦੀ ਆਮਦਨੀ ਕਿਵੇਂ ਹੈ! ਬਾਬਾ ਇਕਦਮ ਭੰਡਾਰਾ ਭਰ ਦਿੰਦੇ ਹਨ। ਉਸਦੇ ਲਈ ਮਿਹਨਤ ਹੈ। ਪਵਿੱਤਰ ਜਰੂਰ ਰਹਿਣਾ ਪਵੇ। ਗਾਉਂਦੇ ਵੀ ਹਨ ਅੰਮ੍ਰਿਤ ਛੱਡ ਵਿਸ਼ ਕਾਹੇ ਨੂੰ ਖਾਏ। ਅੰਮ੍ਰਿਤ ਨਾਮ ਨਾਲ ਅੰਮ੍ਰਿਤਸਰ ਵਿਚ ਇੱਕ ਤਾਲਾਬ ਬਣਾ ਦਿੱਤਾ ਹੈ। ਤਾਲਾਬ ਵਿੱਚ ਡੁਬਕੀ ਮਾਰਦੇ ਹਨ। ਮਾਨਸਰੋਵਰ ਨਾਮ ਦਾ ਵੀ ਇੱਕ ਤਾਲਾਬ ਬਣਾ ਦਿੱਤਾ ਹੈ। ਮਾਨਸਰੋਵਰ ਦਾ ਅਰਥ ਵੀ ਨਹੀਂ ਸਮਝਦੇ ਹਨ। ਮਾਨਸਰੋਵਰ ਮਤਲਬ ਨਿਰਾਕਾਰ ਪਰਮਪਿਤਾ ਪਰਮਾਤਮਾ ਗਿਆਨ ਸਾਗਰ ਮਨੁੱਖ ਦੇ ਤਨ ਵਿੱਚ ਆਕੇ ਇਹ ਗਿਆਨ ਸੁਣਾਉਂਦੇ ਹਨ। ਮਨੁੱਖਾਂ ਨੇ ਕਥਾਵਾਂ ਕਿੰਨੀਆਂ ਬੈਠ ਬਣਾਈਆਂ ਹਨ। ਸਰਵ ਸ਼ਾਸਤਰਮਈ ਸ਼ਿਰੋਮਣੀ ਗੀਤਾ... ਫਿਰ ਉਸ ਵਿੱਚ ਸ਼੍ਰੀਕ੍ਰਿਸ਼ਨ ਵਾਚ ਲਿੱਖ ਦਿੱਤਾ ਹੈ। ਫਿਰ ਸ਼੍ਰੀਕ੍ਰਿਸ਼ਨ ਦੇ ਲਈ ਵੀ ਕਿੰਨੀਆਂ ਗੱਲਾਂ ਲਿੱਖ ਦਿੱਤੀਆਂ ਹਨ। ਸੱਪ ਨੇ ਡੰਗਿਆ, ਇਸਤਰੀਆਂ ਨੂੰ ਭਜਾਇਆ... ਕਿੰਨੇ ਝੂਠੇ ਕਲੰਕ ਲਗਾਏ ਹਨ। ਹੁਣ ਤੁਸੀਂ ਸਮਝਾ ਸਕਦੇ ਹੋ। ਸ਼੍ਰੀਕ੍ਰਿਸ਼ਨ ਦੀ ਤਾਂ ਗੱਲ ਹੀ ਨਹੀਂ ਹੈ। ਇਹ ਤਾਂ ਬ੍ਰਹਮਾ ਦਵਾਰਾ ਪਰਮਪਿਤਾ ਪਰਮਾਤਮਾ ਸਭ ਵੇਦਾਂ ਸ਼ਾਸਤਰਾਂ ਗ੍ਰੰਥਾਂ ਦਾ ਸਾਰ ਬੈਠ ਦਸਦੇ ਹਨ। ਨੰਬਰਵਨ ਹੈ ਸ਼੍ਰੀਮਤ ਭਗਵਤ ਗੀਤਾ। ਭਾਰਤਵਾਸੀਆਂ ਦਾ ਧਰਮਸ਼ਾਸਤਰ ਇੱਕ ਹੀ ਹੈ, ਉਸਨੂੰ ਖੰਡਣ ਕਰ ਦਿੱਤਾ ਹੈ ਤਾਂ ਬਾਕੀ ਜੋ ਬਾਲ - ਬੱਚੇ ਵੇਦ - ਸ਼ਾਸਤਰ ਹੈ ਸਭ ਖੰਡਣ ਹੋ ਗਏ।

ਬਾਪ ਕਿੰਨੀ ਚੰਗੀ ਤਰ੍ਹਾਂ ਸਮਝਾਉਂਦੇ ਹਨ ਫਿਰ ਵੀ ਚੱਲਦੇ - ਚੱਲਦੇ ਮਾਇਆ ਦੇ ਥੱਪੜ ਖਾਂਦੇ ਰਹਿੰਦੇ ਹਨ, ਧਾਰਨਾ ਨਹੀਂ ਕਰਦੇ ਹਨ। ਇਹ ਹੈ ਯੁੱਧਸਥਲ। ਤੁਸੀਂ ਹੋ ਬੱਚੇ, ਜੋ ਬ੍ਰਾਹਮਣ ਬਣੇ ਹੋ। ਗੀਤਾ ਆਦਿ ਵਿੱਚ ਤਾਂ ਕੋਈ ਇਵੇਂ ਦੀਆਂ ਗੱਲਾਂ ਲਿਖੀਆਂ ਨਹੀਂ ਹਨ। ਬ੍ਰਹਮਾ ਦੀ ਮੁਖ ਵੰਸ਼ਾਵਲੀ ਹੈ, ਬਰਮਾ ਦਵਾਰਾ ਯੱਗ ਰਚਿਆ ਗਿਆ। ਰੁਦ੍ਰ ਗਿਆਨ ਯੱਗ ਤਾਂ ਬਰੋਬਰ ਹੈ ਫਿਰ ਯੁੱਧ ਦਾ ਮੈਦਾਨ ਕਿਥੋਂ ਤੋਂ ਆਇਆ? ਗਾਇਆ ਵੀ ਹੋਇਆ ਹੈ ਰਾਜਸਵ ਅਸ਼ਵਮੇਧ ਯੱਗ। ਇਹ ਜੋ ਰੱਥ ਹੈ ਉਸਤੇ ਅਸੀਂ ਬਲੀ ਚੜਦੇ ਹਾਂ। ਉਹ ਫਿਰ ਦਕਸ਼ ਪ੍ਰਜਾਪਿਤਾ ਦਾ ਯੱਗ ਰਚ ਘੋੜੇ ਤੇ ਬੈਠ ਸਵਾਹਾ ਕਰਦੇ ਹਨ। ਕੀ - ਕੀ ਲਿਖ ਦਿੱਤਾ ਹੈ। ਤੁਸੀਂ ਲਿਖ ਦਿੱਤਾ ਹੈ ਸਤਿਯੁਗ ਵਿੱਚ ਭਾਰਤ ਸਵਰਗ ਸੀ ਤਾਂ ਜਰੂਰ ਉੱਥੇ ਬਹੁਤ ਥੋੜੇ ਹੀ ਹੋਣਗੇ। ਦੇਵੀ -ਦੇਵਤਾ ਥੋੜੇ ਸਨ। ਜਮੁਨਾ ਦੇ ਕੰਠੇ ਤੇ ਬੋਰਬਰ ਰਾਜ ਹੋਵੇਗਾ। ਸਿਰਫ਼ ਦੇਵੀ - ਦੇਵਤੇ ਰਾਜ ਕਰਦੇ ਹੋਣਗੇ। ਉੱਥੇ ਤਾਂ ਗਰਮੀ ਆਦਿ ਹੁੰਦੀ ਨਹੀਂ ਜੋ ਕਸ਼ਮੀਰ, ਸ਼ਿਮਲਾ ਆਦਿ ਜਾਣਾ ਪਵੇ। ਤੱਤਵ ਵੀ ਬਿਲਕੁਲ ਤਮੋਂਪ੍ਰਧਾਨ ਹੋ ਜਾਂਦੇ ਹਨ। ਇਹ ਵੀ ਸਮਝਣ ਵਾਲੇ ਸਮਝਣ। ਸਤਿਯੁਗ ਨੂੰ ਸਵਰਗ ਕਿਹਾ ਜਾਂਦਾ ਹੈ, ਕਲਿਯੁਗ ਨੂੰ ਨਰਕ ਕਿਹਾ ਜਾਂਦਾ ਹੈ। ਦਵਾਪਰ ਨੂੰ ਇਨਾਂ ਨਰਕ ਨਹੀਂ ਕਹਾਂਗੇ। ਤ੍ਰੇਤਾ ਵਿੱਚ ਵੀ ਦੋ ਕਲਾ ਘਟ ਹੁੰਦੀ ਹੈ। ਸਭਤੋਂ ਜਾਸਤੀ ਸੁਖ ਸਵਰਗ ਵਿੱਚ ਹੈ। ਕਹਿੰਦੇ ਹਨ ਫਲਾਣਾ ਸਵਰਗ ਪਧਾਰਿਆ। ਪਰ ਸਵਰਗ ਦਾ ਅਰਥ ਨਹੀਂ ਸਮਝਦੇ ਹਨ। ਸਵਰਗਵਾਸੀ ਹੋਇਆ, ਤਾਂ ਜਰੂਰ ਨਰਕ ਵਿੱਚ ਸੀ ਨਾ। ਹਰ ਇੱਕ ਮਨੁੱਖ ਨਰਕ ਵਿੱਚ ਹੈ। ਹੁਣ ਬਾਪ ਤੁਹਾਨੂੰ ਬੇਹੱਦ ਦਾ ਰਾਜ ਦਿੰਦੇ ਹਨ। ਉੱਥੇ ਤਾਂ ਸਭ ਤੁਹਾਡਾ ਰਹੇਗਾ। ਤੁਹਾਡੀ ਪ੍ਰਿਥਵੀ, ਤੁਹਾਡਾ ਅਕਾਸ਼... ਤੁਸੀਂ ਅਟਲ, ਅਖੰਡ, ਸ਼ਾਂਤੀਮਯ ਰਾਜ ਕਰੋਗੇ। ਦੁੱਖ ਦਾ ਨਾਮ ਹੀ ਨਹੀਂ ਹੋਵੇਗਾ। ਤਾਂ ਉਸਦੇ ਲਈ ਕਿੰਨਾ ਪੁਰਸ਼ਾਰਥ ਕਰਨਾ ਚਾਹੀਦਾ ਹੈ । ਅਵਸ਼ਥਾ ਬੱਚਿਆਂ ਦੀ ਕਿਵੇਂ ਦੀ ਹੈ। ਜਾਣਦੇ ਵੀ ਹਨ ਸਾਡੇ ਮੰਮਾ ਬਾਬਾ ਬਹੁਤ ਚੰਗੀ ਤਰ੍ਹਾਂ ਪੁਰਸ਼ਾਰਥ ਕਰਦੇ ਹਨ, ਕਿਉਂ ਨਹੀਂ ਅਸੀਂ ਵੀ ਪੁਰਸ਼ਾਰਥ ਕਰ ਵਰਸਾ ਲਈਏ।

ਬਾਪ ਕਹਿੰਦੇ ਹਨ - ਬੱਚੇ, ਥੱਕ ਨਾ ਜਾਣਾ, ਸ਼੍ਰੀਮਤ ਤੇ ਚੱਲਦੇ ਰਹਿਣਾ। ਸ਼੍ਰੀਮਤ ਨੂੰ ਕਦੀ ਭੁੱਲਣਾ ਨਹੀਂ। ਇਸ ਵਿੱਚ ਬੜੀ ਸਾਵਧਾਨੀ ਚਾਹੀਦੀ ਹੈ। ਜੋ ਕੁਝ ਕਰੋ, ਪੁੱਛੋ - ਬਾਬਾ ਅਸੀਂ ਇਸ ਵਿੱਚ ਮੂੰਝਦੇ ਹਾਂ, ਇਸ ਨੂੰ ਕਰਨ ਨਾਲ ਸਾਡੇ ਤੇ ਕੋਈ ਪਾਪ ਤੇ ਨਹੀਂ ਲੱਗੇਗਾ। ਬਾਬਾ ਕਦੀ ਕਿਸੇ ਕੋਲੋਂ ਲੈਂਦੇ ਨਹੀਂ ਹਨ। ਭਗਤੀ ਮਾਰਗ ਵਿੱਚ ਵੀ ਈਸ਼ਵਰ ਅਰਥ ਦਾਨ ਕਰਦੇ ਹਨ ਤਾਂ ਰਿਟਰਨ ਵਿੱਚ ਫਿਰ ਲੈਂਦੇ ਹਨ। ਸ਼ਿਵਬਾਬਾ ਲੈਕੇ ਕੀ ਕਰਨਗੇ ਉਹਨਾਂ ਨੂੰ ਕੋਈ ਮਹਿਲ ਤੇ ਨਹੀਂ ਬਣਾਉਣੇ ਹਨ। ਸਭ ਕੁਝ ਬੱਚਿਆਂ ਦੇ ਲਈ ਕਰਦੇ ਹਨ। ਮਕਾਨ

ਬਣਵਾਉਂਦੇ ਹਨ ਉਹ ਵੀ ਤੁਹਾਡੇ ਪਿਛਾੜੀ ਵਿੱਚ ਰਹਿਣ ਲਈ। ਤੁਹਾਡਾ ਯਾਦਗਾਰ ਮੰਦਿਰ ਵੀ ਇੱਥੇ ਹੈ। ਤੁਸੀਂ ਵੀ ਇੱਥੇ ਬੈਠੇ ਹੋ। ਜੋ ਸਰਵਿਸਬੁਲ ਬੱਚੇ ਹਨ ਉਹ ਅੱਗੇ ਚਲ ਬਹੁਤ ਰੌਣਕ ਦੇਖਣਗੇ। ਇੱਥੇ ਬੈਠੇ - ਬੈਠੇ ਚੱਕਰ ਲਗਾਉਂਦੇ ਰਹਿਣਗੇ ਸਵਰਗ ਵਿੱਚ। ਫਿਰ ਉੱਥੇ ਜਾਕੇ ਮਹਿਲ ਬਣਾਉਣਗੇ। ਮਕਾਨ ਦੀ ਕੰਮਪੀਟਿਸ਼ਨ ਹੁੰਦੀ ਹੈ ਨਾ। ਹੁਣ 100 ਵਰ੍ਹੇ ਵਿੱਚ ਕਿੰਨਾ ਬਣਾਇਆ ਹੈ। ਭਾਰਤ ਨੂੰ ਜਿਵੇਂ ਬਹਿਸ਼ਤ ਬਣਾ ਦਿੱਤਾ ਹੈ। ਤਾਂ ਉੱਥੇ 100 ਵਰ੍ਹੇ ਵਿੱਚ ਸਮਝਦੇ ਹੋ ਕੀ ਨਹੀਂ ਹੋਵੇਗਾ। ਸਾਇੰਸ ਸਾਰੀ ਤੁਹਾਨੂੰ ਉੱਥੇ ਕੰਮ ਵਿੱਚ ਆਉਂਦੀ ਹੈ। ਸਾਇੰਸ ਦਾ ਸੁਖ ਹੀ ਉੱਥੇ ਹੈ। ਇੱਥੇ ਤਾਂ ਦੁੱਖ ਹੈ। ਸਾਇੰਸ ਤੇ ਕਿੰਨੀ ਮਿਹਨਤ ਕਰਦੇ ਹਨ। ਤੁਸੀਂ ਬੱਚੇ ਸਮਝਦੇ ਹੋ ਕਿ ਇਹ ਸਿਰਫ ਫਾਫਾ ਮਾਰ ਰਹੇ ਹਨ (ਆਪਣੀ ਵਡਿਆਈ ਕਰ ਰਹੇ ਹਨ), ਅਲਪਕਾਲ ਸ਼ਨਭੰਗੁਰ ਸੁਖ ਹੈ, ਇਹ ਮਾਇਆ ਦਾ ਪਿਛਾੜੀ ਦਾ ਪੰਪ ਹੈ। ਇਹ ਐਰੋਪਲੇਨ, ਰਾਕੇਟ ਆਦਿ ਵਿੱਚ ਹੁਣ ਜਾਂਦੇ ਹਨ। ਅੱਗੇ ਇਹ ਸਭ ਸਾਧਨ ਸੀ ਨਹੀਂ। ਬਿਜਲੀ ਆਦਿ ਵੀ ਨਹੀਂ ਸੀ। ਇਹ ਸਭ ਹੈ ਮਾਇਆ ਦਾ ਸੁਖ, ਜੋ ਮਨੁੱਖ ਨੂੰ ਭਰਮਾਉਂਦਾ ਹੈ। ਮਨੁੱਖ ਸਮਝਦੇ ਹਨ - ਬਸ, ਇਹ ਹੀ ਸਵਰਗ ਹੈ। ਵਿਮਾਨ ਆਦਿ ਸਵਰਗ ਵਿੱਚ ਸਨ, ਹੁਣ ਸਵਰਗ ਹੈ ਨਾ। ਇਹ ਨਹੀਂ ਸਮਝਦੇ ਕਿ ਸਵਰਗ ਦੇ ਲਈ ਤਾਂ ਹੁਣ ਤਿਆਰੀ ਹੋ ਰਹੀ ਹੈ। ਸਮਝਦੇ ਹਨ ਧਨ ਹੈ, ਮਹਿਲ ਹੈ ਬਸ, ਸਾਡੇ ਲਈ ਇੱਥੇ ਹੀ ਸਵਰਗ ਹੈ। ਅੱਛਾ, ਤੁਹਾਡੀ ਤਕਦੀਰ ਵਿੱਚ ਇਹ ਹੀ ਸਵਰਗ ਹੈ। ਸਾਨੂੰ ਤਾਂ ਮਿਹਨਤ ਕਰ ਸੱਚੇ - ਸੱਚੇ ਸਵਰਗ ਵਿੱਚ ਚੱਲਣਾ ਹੈ, ਜਿਸਦੇ ਲਈ ਤੁਸੀਂ ਪੁਰਸ਼ਾਰਥ ਕਰਦੇ ਹੋ। ਪੁਰਸ਼ਾਰਥ ਢਿਲਾ ਨਹੀਂ ਪੈਣਾ ਹੈ। ਗ੍ਰਹਿਸਤ ਵਿੱਚ ਰਹਿ ਪੁਰਸ਼ਾਰਥ ਕਰਨਾ ਹੈ। ਸਰਵਿਸ ਕਰਨੀ ਹੈ। ਖੁਦ ਪਵਿੱਤਰ ਬਣ ਫਿਰ ਆਪਣੇ ਮਿੱਤਰ - ਸੰਬੰਧੀਆਂ ਆਦਿ ਨੂੰ ਵੀ ਲਾਇਕ ਬਣਾਓ, ਮਿੱਠੀ - ਮਿੱਠੀ ਗੱਲਾਂ ਸੁਣਾਓ। ਬਾਬਾ ਨੇ ਦੋ ਬਾਪ ਦੀ ਪੁਆਇੰਟਸ ਬਹੁਤ ਵਧੀਆ ਤਰ੍ਹਾਂ ਸਮਝਾਈ ਹੈ। ਵਰਸਾ ਬਾਪ ਕੋਲੋਂ ਮਿਲਦਾ ਹੈ ਜਇਦਾਦ ਦਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਪੁਰਸ਼ਾਰਥ ਵਿੱਚ ਕਦੀ ਵੀ ਥੱਕਣਾ ਨਹੀਂ ਹੈ। ਬੜੀ ਸਾਵਧਾਨੀ ਨਾਲ ਸ਼੍ਰੀਮਤ ਤੇ ਚਲਦੇ ਰਹਿਣਾ ਹੈ ਮੂੰਝਣਾ ਨਹੀਂ ਹੈ।

2. ਕੋਈ ਵੀ ਪਾਪ ਕਰਮ ਨਹੀਂ ਕਰਨਾ ਹੈ। ਸੱਚੇ - ਸੱਚੇ ਸਵਰਗ ਵਿੱਚ ਚੱਲਣ ਦੇ ਲਈ ਪਵਿੱਤਰ ਬਣਨ ਅਤੇ ਬਣਾਉਣ ਦੀ ਸੇਵਾ ਕਰਨੀ ਹੈ।

ਵਰਦਾਨ:- ਨਿਸ਼ਚੇਬੁੱਧੀ ਬਣ ਲੌਕਿਕ ਵਿੱਚ ਅਲੌਕਿਕ ਭਾਵਨਾ ਰੱਖਣ ਵਾਲੇ ਡਬਲ ਸੇਵਾਧਾਰੀ ਟਰੱਸਟੀ ਭਵ।

ਕਈ ਬੱਚੇ ਸੇਵਾ ਕਰਦੇ - ਕਰਦੇ ਥੱਕ ਜਾਂਦੇ ਹਨ, ਸੋਚਦੇ ਹਨ ਇਹ ਤਾਂ ਕਦੇ ਬਦਲਣਾ ਹੀ ਨਹੀਂ ਹੈ। ਅਜਿਹੇ ਦਿਲਸ਼ਿਕਸ਼ਤ ਨਹੀਂ ਬਣੋ। ਨਿਸ਼ਚੇਬੁੱਧੀ ਬਣ, ਮੇਰੇਪਨ ਦੇ ਸੰਬੰਧ ਤੋਂ ਨਿਆਰੇ ਹੋ ਚਲਦੇ ਚੱਲੋ। ਕਿਸੇ - ਕਿਸੇ ਆਤਮਾਵਾਂ ਦਾ ਭਗਤੀ ਦਾ ਹਿਸਾਬ ਚੁਕਤਾ ਹੋਣ ਵਿੱਚ ਥੋੜ੍ਹਾ ਸਮਾਂ ਲਗਦਾ ਹੈ ਇਸਲਈ ਥੋੜ੍ਹਾ ਧੀਰਜ ਧਰ, ਸਾਖਸ਼ੀਪਨ ਦੀ ਸਥਿਤੀ ਵਿਚ ਸਥਿਤ ਹੋ, ਸ਼ਾਂਤੀ ਅਤੇ ਸ਼ਕਤੀ ਦਾ ਸਹਿਯੋਗ ਆਤਮਾਵਾਂ ਨੂੰ ਦਿੰਦੇ ਰਹੋ। ਲੌਕਿਕ ਵਿੱਚ ਅਲੌਕਿਕ ਭਾਵਨਾ ਰੱਖੋ। ਡਬਲ ਸੇਵਾਧਾਰੀ, ਟਰੱਸਟੀ ਬਣੋ।

ਸਲੋਗਨ:- ਆਪਣੀ ਸ੍ਰੇਸ਼ਠ ਵ੍ਰਿਤੀ ਨਾਲ ਵਾਯੂਮੰਡਲ ਨੂੰ ਸ੍ਰੇਸ਼ਠ ਬਨਾਉਣਾ ਇਹ ਹੀ ਸੱਚੀ ਸੇਵਾ ਹੈ।

******